ਬਾਗਬਾਨੀ ਵਿਭਾਗ ਪੰਜਾਬ ਦਾ
ਮਾਸਿਕ ਡਿਜ਼ੀਟਲ ਬੁਲੇਟਿਨ

# ਬਾਗਬਾਨੀ ਸੰਦੇਸ਼

ਮਹੀਨਾ: ਜੁਲਾਈ-ਅਗਸਤ 2024 ਅੰਕ : 24

ਸੰਪਾਦਕ : ਜਸਪਾਲ ਸਿੰਘ ਢਿਲੋਂ, ਸਹਾਇਕ ਡਾਇਰੈਕਟਰ ਬਾਗਬਾਨੀ,

ਸਹਿ ਸੰਪਾਦਕ : ਮਨਪ੍ਰੀਤ ਕੌਰ, ਬਾਗਬਾਨੀ ਵਿਕਾਸ ਅਫ਼ਸਰ ਅਤੇ ਨਵਜੋਤ ਕੌਰ ਬਾਗਬਾਨੀ ਵਿਕਾਸ ਅਫ਼ਸਰ




## ਪ੍ਰੇਰਨਾ

ਬਾਗਬਾਨੀ ਵਿਭਾਗ ਪੰਜਾਬ "ਕਿਸਾਨ ਦਾ ਵਿਕਾਸ ਬਾਗਬਾਨੀ ਨਾਲ" ਦੇ ਮੰਤਵ ਦੀ ਪੂਰਤੀ ਲਈ ਕੁਦਰਤੀ ਸੋਮਿਆਂ ਦੀ ਸੰਭਾਲ ਅਤੇ ਪਾਣੀ ਦੀ ਬੱਚਤ ਦੇ ਉਪਰਾਲਿਆਂ ਨੂੰ ਉਤਸ਼ਾਹਿਤ ਕਰਦੇ ਹੋਏ ਜਿੱਥੇ ਬਾਗਬਾਨੀ ਫਸਲਾਂ ਦੇ ਮਿਆਰੀ ਉਤਪਾਦਨ ਸੰਬੰਧੀ ਜਾਣਕਾਰੀ ਦੇਣ ਦਾ ਕਾਰਜ ਕਰ ਰਿਹਾ ਹੈ, ਉੱਥੇ ਹੀ ਕੌਮੀ ਬਾਗਬਾਨੀ ਮਿਸ਼ਨ ਤਹਿਤ ਮਿਸ਼ਨ ਫਾਰ ਇੰਟੈਗਰੇਟਿਡ ਡਿਵੈਲਪਮੈਂਟ ਆਫ ਹਾਰਟੀਕਲਚਰ ਰਾਹੀ ਕਿਸਾਨਾਂ ਨੂੰ ਵਿੱਤੀ ਸਹਾਇਤਾ ਦੇਣ ਦਾ ਕੰਮ ਵੀ ਕਰ ਰਿਹਾ ਹੈ ਜਿਸ ਤਹਿਤ ਸਾਲ 2024-25 ਦੌਰਾਨ ਵਿਭਾਗ ਦੀ ਕਿਸਾਨੀ ਦੀ ਭਲਾਈ ਲਈ 6666.67 ਲੱਖ ਰੁਪਏ ਦੀ ਕਾਰਜਯੋਜਨਾ ਹੈ। ਇਸ ਵਿੱਚ ਫਲ, ਫੁੱਲ, ਸਬਜ਼ੀਆਂ ਅਧੀਨ ਰਕਬਾ ਵਧਾਉਣ, ਹਾਈ-ਟੈਕ ਉਤਪਾਦਨ ਕੇਂਦਰ ਸਥਾਪਿਤ ਕਰਨੇ, ਨਵੇਂ ਟਿਸ਼ੂ ਕਲਚਰ ਯੂਨਿਟ, ਖੁੰਬ ਯੂਨਿਟ, ਸ਼ਹਿਦ ਮੱਖੀ ਪਾਲਣ, ਪਾਣੀ ਸੰਭਾਲ ਲਈ ਸਟੋਰੇਜ ਢਾਂਚੇ, ਢੱਕਵੀ ਖੇਤੀ ਅਧੀਨ ਪੌਲੀ ਹਾਊਸ, ਸ਼ੈੱਡ ਨੈੱਟ ਹਾਊਸ, ਮਲਚਿੰਗ, ਲੋ-ਟਨਲ, ਕੁਦਰਤੀ ਖੇਤੀ ਅਧੀਨ ਵਰਮੀ ਕੰਪੋਸਟ ਯੂਨਿਟ, ਵਰਮੀ ਬੈੱਡ, ਆਈ.ਐਨ.ਐਮ./ ਆਈ.ਪੀ.ਐਮ. , ਬਾਗਬਾਨੀ ਮਸ਼ੀਨੀਕਰਨ ਤਹਿਤ ਵੱਖ- ਵੱਖ ਤਰ੍ਹਾਂ ਦੀ ਮਸ਼ੀਨਰੀ, ਮਨੁੱਖੀ ਵਸੀਲਿਆਂ ਦੇ ਵਿਕਾਸ ਤਹਿਤ ਟਰੇਨਿੰਗ ਪ੍ਰੋਗਰਾਮ, ਗਿਆਨ ਵਧਾਊ ਦੌਰੇ, ਤੁੜਾਈ ਉਪਰੰਤ ਮੈਨੇਜਮੈਂਟ ਤਹਿਤ ਪੈਕ ਹਾਊਸ, ਕੋਲਡ ਸਟੋਰੇਜ ਯੂਨਿਟ, ਰਾਈਪਨਿੰਗ ਚੈਂਬਰ, ਕੋਲਡ ਰੂਮ, ਰੈਫਰੀਜਰੇਟਿਡ ਵੈਨ, ਮੰਡੀਕਰਨ ਢਾਂਚੇ ਦੀ ਸਥਾਪਨਾ, ਮਿਸ਼ਨ ਮੈਨੇਜਮੈਂਟ, ਸੈਂਟਰ ਆਫ ਐਕਸੀਲੈਂਸ ਦੀ ਸਥਾਪਨਾ, ਵਿਲੇਜ ਆਫ ਐਕਸੀਲੈਂਸ ਦਾ ਪਸਾਰ ਆਦਿ ਕਾਰਜ ਸ਼ਾਮਲ ਹਨ। ਆਓ ਸਾਰੇ ਆਪਣੇ ਜ਼ਿਲ੍ਹੇ ਦੇ ਕਿਸਾਨਾਂ ਨਾਲ ਬਿਹਤਰ ਤਾਲਮੇਲ ਬਣਾ ਕੇ ਸਰਕਾਰ ਦੇ ਉਪਰੋਕਤ ਪ੍ਰੋਗਰਾਮਾਂ ਨੂੰ ਸਫਲ ਕਰਨ ਲਈ ਇੰਨ੍ਹਾਂ ਸਕੀਮਾਂ ਦਾ ਪ੍ਰਚਾਰ ਪਸਾਰ ਕਰੀਏ ਅਤੇ ਕਿਸਾਨੀ ਨੂੰ ਆਰਥਿਕ ਪੱਖੋਂ ਮਜ਼ਬੂਤ ਬਣਾਈਏ । ਕਿਸਾਨਾਂ ਨੂੰ ਵੀ ਅਪੀਲ ਹੈ ਕਿ ਉਹ ਜ਼ਿਲ੍ਹਾ ਪੱਧਰ ਤੇ ਡਿਪਟੀ/ ਸਹਾਇਕ ਡਾਇਰੈਕਟਰ ਬਾਗਬਾਨੀ ਅਤੇ ਬਲਾਕ ਪੱਧਰ 'ਤੇ ਬਾਗਬਾਨੀ ਵਿਕਾਸ ਅਫਸਰਾਂ ਨੂੰ ਮਿਲ ਕੇ ਪਹਿਲਾਂ ਆਓ ਪਹਿਲਾਂ ਪਾਓ ਦੇ ਅਧਾਰ ਤੇ ਇੰਨਾ ਸਕੀਮਾਂ ਦਾ ਲਾਭ ਪ੍ਰਾਪਤ ਕਰਨ ।

**ਸ਼ੈਲਿੰਦਰ ਕੌਰ**
**ਆਈ.ਐਫ.ਐਸ.**
**ਡਾਇਰੈਕਟਰ ਬਾਗਬਾਨੀ, ਪੰਜਾਬ**



## " ਪੰਜਾਬ ਏ.ਆਈ.ਐਫ ਸਕੀਮ ਅਧੀਨ ਪ੍ਰਾਜੈਕਟਾਂ ਨੂੰ ਮਨਜ਼ੂਰੀ ਦੇਣ ਵਿੱਚ ਦੇਸ਼ ਵਿੱਚੋਂ ਮੋਹਰੀ " : ਚੇਤਨ ਸਿੰਘ ਜੌੜਾ ਮਾਜਰਾ

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (ਏ.ਆਈ.ਐਫ.) ਨੂੰ ਉਤਸ਼ਾਹਿਤ ਕਰਨ ਵਿੱਚ ਲਗਾਤਾਰ ਮਿਸਾਲੀ ਕਦਮ ਚੁੱਕ ਰਹੀ ਹੈ। ਸੂਬੇ ਨੇ ਏ.ਆਈ.ਐਫ. ਸਕੀਮ ਅਧੀਨ ਸਭ ਤੋਂ ਵੱਧ ਪ੍ਰਵਾਨਿਤ ਪ੍ਰਾਜੈਕਟਾਂ ਨਾਲ ਲਗਾਤਾਰ ਕਈ ਮਹੀਨਿਆਂ ਤੋਂ ਭਾਰਤ ਵਿੱਚ ਆਪਣਾ ਪਹਿਲਾ ਸਥਾਨ ਬਰਕਰਾਰ ਰੱਖਿਆ ਹੋਇਆ ਹੈ। ਇਹ ਜਾਣਕਾਰੀ ਬਾਗ਼ਬਾਨੀ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਦਿੱਤੀ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਸਭ ਤੋਂ ਵੱਧ ਪ੍ਰਾਜੈਕਟਾਂ ਨੂੰ ਮਨਜ਼ੂਰੀ ਦੇਣ ਵਾਲੇ ਦੇਸ਼ ਦੇ ਸਿਖਰਲੇ ਦਸ ਜ਼ਿਲ੍ਹਿਆਂ ਵਿੱਚ ਪੰਜਾਬ ਦੇ 9 ਜ਼ਿਲ੍ਹੇ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਨੇ ਕਿਸਾਨ ਭਲਾਈ ਲਈ 14199 ਅਹਿਮ ਪ੍ਰਾਜੈਕਟਾਂ ਨੂੰ ਪ੍ਰਵਾਨਗੀ ਦਿੱਤੀ ਹੈ। ਇਹ ਪ੍ਰਾਪਤੀ ਨਾ ਸਿਰਫ਼ ਏ.ਆਈ.ਐਫ. ਸਕੀਮ ਅਧੀਨ ਪੰਜਾਬ ਦੀ ਸਥਿਤੀ ਨੂੰ ਮਜ਼ਬੂਤ ਕਰਦੀ ਹੈ, ਸਗੋਂ ਸੂਬੇ ਵਿੱਚ ਖੇਤੀਬਾੜੀ-ਪੱਖੀ ਪ੍ਰਗਤੀਸ਼ੀਲ ਮਾਹੌਲ ਅਤੇ ਵਾਢੀ ਉਪਰੰਤ ਪ੍ਰਬੰਧਨ ਸਬੰਧੀ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਵੀ ਦਰਸਾਉਂਦੀ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸ. ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਪੰਜਾਬ ਵਿੱਚ 14199 ਪ੍ਰਾਜੈਕਟਾਂ ਰਾਹੀਂ ਕਿਸਾਨ ਅਤੇ ਖੇਤੀ ਉੱਦਮੀ ਸੂਬੇ ਵਿੱਚ 5938 ਕਰੋੜ ਰੁਪਏ ਦੇ ਵੱਡੇ ਨਿਵੇਸ਼ ਕਰਨਗੇ। ਉਨ੍ਹਾਂ ਦੱਸਿਆ ਕਿ ਏ.ਆਈ.ਐਫ. ਸਕੀਮ ਅਧੀਨ ਵਾਢੀ ਉਪਰੰਤ ਪ੍ਰਬੰਧਨ ਸਬੰਧੀ ਵੱਖ-ਵੱਖ ਗਤੀਵਿਧੀਆਂ ਵਿੱਚ ਸਹਾਇਤਾ ਕੀਤੀ ਜਾਂਦੀ ਹੈ ਜਿਸ ਵਿੱਚ ਪ੍ਰਾਇਮਰੀ ਪ੍ਰੋਸੈਸਿੰਗ (ਆਟਾ ਚੱਕੀ, ਤੇਲ ਕੱਢਣ ਵਾਲੀਆਂ ਮਸ਼ੀਨਾਂ, ਮਸਾਲਾ ਪ੍ਰੋਸੈਸਿੰਗ, ਮਿਲਿੰਗ ਆਦਿ), ਸਟੋਰੇਜ ਸਹੂਲਤਾਂ (ਜਿਵੇਂ ਗੋਦਾਮ, ਕੋਲਡ ਸਟੋਰ, ਸਿਲੋਜ਼ ਆਦਿ), ਕਸਟਮ ਹਾਇਰਿੰਗ ਸੈਂਟਰ (ਘੱਟੋ-ਘੱਟ 4 ਉਪਕਰਣ), ਛਾਂਟੀ ਅਤੇ ਗਰੇਡਿੰਗ ਯੂਨਿਟ, ਬੀਜ ਪ੍ਰੋਸੈਸਿੰਗ ਯੂਨਿਟ, ਆਰਗੈਨਿਕ ਸਮੱਗਰੀ ਉਤਪਾਦਨ, ਫ਼ਸਲ ਰਹਿੰਦ-ਖੂੰਹਦ ਸਬੰਧੀ ਪ੍ਰਬੰਧਨ ਪ੍ਰਣਾਲੀਆਂ, ਕੰਪਰੈਸਡ ਬਾਇਓਗੈਸ ਪਲਾਂਟ, ਸੋਲਰ ਪੰਪ, ਰਾਈਪਨਿੰਗ ਚੈਂਬਰ ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਸਕੀਮ ਅਧੀਨ ਮੌਜੂਦਾ ਯੋਗ ਬੁਨਿਆਦੀ ਢਾਂਚੇ ਲਈ ਸੋਲਰ ਪੈਨਲਾਂ ਵਾਸਤੇ ਵਿੱਤੀ ਸਹਾਇਤਾ ਪ੍ਰਦਾਨ ਕਰਨ ਵਿੱਚ ਵੀ ਸਹਾਇਤਾ ਦਿੱਤੀ । ਇਸ ਤੋਂ ਇਲਾਵਾ ਕਿਸਾਨਾਂ ਤੱਕ ਪਹੁੰਚ ਵਧਾਉਣ ਲਈ ਇੱਕ ਵੱਟਸਐਪ ਹੈਲਪਲਾਈਨ ਨੰਬਰ (90560-92906) ਵੀ ਸ਼ੁਰੂ ਕੀਤਾ ਗਿਆ ਹੈ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਨਿਯਮਤ ਰੂਪ ਵਿੱਚ ਅਪਡੇਟ ਸਾਂਝੇ ਕੀਤੇ ਜਾ ਰਹੇ ਹਨ।

ਡਾਇਰੈਕਟਰ ਬਾਗ਼ਬਾਨੀ ਪੰਜਾਬ - ਕਮ- ਰਾਜ ਨੋਡਲ ਅਫਸਰ ਏ.ਆਈ.ਐਫ. ਸ਼੍ਰੀਮਤੀ ਸ਼ੈਲਿੰਦਰ ਕੌਰ ਨੇ ਦੱਸਿਆ ਕਿ ਇਸ ਸਕੀਮ ਤਹਿਤ ਲਾਭਪਾਤਰੀ 7 ਸਾਲਾਂ ਲਈ 2 ਕਰੋੜ ਰੁਪਏ ਤੱਕ ਦੇ ਮਿਆਦੀ ਕਰਜ਼ੇ 'ਤੇ ਵਿਆਜ ਵਿੱਚ 3 ਫ਼ੀਸਦੀ ਤੱਕ ਸਹਾਇਤਾ ਲੈ ਸਕਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ 9 ਫ਼ੀਸਦੀ ਦੀ ਵੱਧ ਤੋਂ ਵੱਧ ਵਿਆਜ ਦਰ ਨਾਲ, ਲਾਗੂ ਵਿਆਜ ਦਰ 6 ਫ਼ੀਸਦੀ ਜਾਂ ਇਸ ਤੋਂ ਘੱਟ ਬਣਦੀ ਹੈ। ਇਨ੍ਹਾਂ ਲਾਭਾਂ ਨੂੰ ਸਾਰੀਆਂ ਸੂਬਾਈ ਅਤੇ ਕੇਂਦਰੀ ਸਬਸਿਡੀਆਂ ਨਾਲ ਜੋੜਿਆ ਜਾ ਸਕਦਾ ਹੈ ਅਤੇ ਪ੍ਰਾਜੈਕਟ ਸੀ.ਜੀ.ਟੀ.ਐਮ.ਐਸ.ਈ. ਸਕੀਮ ਅਧੀਨ ਲਾਭ ਲਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਪ੍ਰਾਇਮਰੀ ਐਗਰੀਕਲਚਰਲ ਕਰੈਡਿਟ ਸੁਸਾਇਟੀਆਂ (ਪੀ.ਏ.ਸੀ.ਐਸ.) ਲਈ ਸੂਬੇ ਵਿੱਚ ਜਨਤਕ ਬੁਨਿਆਦੀ ਢਾਂਚਾ ਸਥਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਨਾਬਾਰਡ ਵੱਲੋਂ ਏ.ਆਈ.ਐਫ. ਨੂੰ ਐਮ.ਐਸ.ਸੀ. ਸਕੀਮ ਦੇ ਰੂਪ ਵਿੱਚ ਪੀ.ਏ.ਸੀ.ਐਸ. ਨਾਲ ਜੋੜ ਕੇ ਪੀ.ਏ.ਸੀ.ਐਸ ਵੱਲੋਂ 1 ਫ਼ੀਸਦੀ ਪ੍ਰਭਾਵੀ ਵਿਆਜ ਦਰ 'ਤੇ ਕਰਜ਼ਾ ਪ੍ਰਾਪਤ ਕੀਤਾ ਜਾ ਸਕਦਾ ਹੈ।

# ਬਾਗਬਾਨੀ ਸਰਗਰਮੀਆਂ



## ਪੰਜਾਬ ਰਾਜ ਵਿੱਚ ਬਾਗ਼ਬਾਨੀ ਅਤੇ ਰੇਸ਼ਮ ਦੀ ਖੇਤੀ ਲਈ ਨਵੇਂ ਉਪਰਾਲੇ ਕਰਾਉਣ ਵਾਸਤੇ ਜੰਮੂ-ਕਸ਼ਮੀਰ ਵਿਖੇ ਪੰਜ਼ ਦਿਨਾਂ ਅੰਤਰਰਾਜੀ ਦੌਰਾ 24-28 ਜੂਨ 2024

ਮਾਣਯੋਗ ਬਾਗਬਾਨੀ ਮੰਤਰੀ ਪੰਜਾਬ, ਸ਼੍ਰੀ ਚੇਤੰਨ ਸਿੰਘ ਜੌੜਾਮਾਜਰਾ ਜੀ, ਵਿਸ਼ੇਸ਼ ਸਕੱਤਰ ਖੇਤੀਬਾੜੀ, ਪੰਜਾਬ ਸ਼੍ਰੀ ਸੰਯਮ ਅਗਰਵਾਲ, ਆਈ.ਏ.ਐਸ. ਅਤੇ ਡਾਇਰੈਕਟਰ ਬਾਗਬਾਨੀ ਪੰਜਾਬ, ਸ਼੍ਰੀਮਤੀ ਸ਼ੈਲਿੰਦਰ ਕੌਰ, ਆਈ.ਐੱਫ.ਐੱਸ. ਜੀ ਦੇ ਦਿਸ਼ਾ ਨਿਰਦੇਸ਼ਾਂ ਸਦਕੇ, ਪੰਜਾਬ ਰਾਜ ਦੇ ਅਗਾਂਹਵਧੂ ਕਿਸਾਨਾਂ ਨੂੰ ਸ਼੍ਰੀਨਗਰ (ਜੰਮੂ ਅਤੇ ਕਸ਼ਮੀਰ) ਰਾਜ ਵਿਖੇ ਮਾਣਯੋਗ ਬਾਗਬਾਨੀ ਮੰਤਰੀ ਸ਼੍ਰੀ ਚੇਤਨ ਸਿੰਘ ਜੌੜਾਮਾਜਰਾ ਜੀ ਦੀ ਅਗਵਾਈ ਹੇਠ ਮਿਤੀ: 24 ਤੋਂ 28 ਜੂਨ, 2024 ਜੂਨ ਤੱਕ 5 ਦਿਨਾਂ ਐਕਸਪੋਜਰ ਵਿਜ਼ਿਟ ਕਰਵਾਈ ਗਈ। ਇਸ ਮੌਕੇ ਬਾਗਬਾਨੀ ਨਾਲ ਸਬੰਧਿਤ, ਸੈਂਟਰ ਆਫ ਐਕਸੀਲੈਂਸ ਫਾਰ ਫਰੂਟਜ਼,(ਜ਼ਵੂਰਾ, ਸ਼੍ਰੀਨਗਰ), ਸ਼ੇਰ ਏ ਕਸ਼ਮੀਰ ਯੂਨੀਵਰਸਿਟੀ ਆਫ ਐਗਰੀਕਲਚਰ ਸਾਇੰਸ ਅਤੇ ਟੈਕਨੋਲੋਜੀ (ਕਸ਼ਮੀਰ), ਸੈਫ਼ਰਨ ਪਾਰਕ, (ਦੁੱਸੂ, ਪੁਲਵਾਮਾ), ਸੈਂਟਰਲ ਇੰਸਟੀਚਿਊਟ ਫਾਰ ਟੈਂਪਰੇਟ ਹੋਰਟੀਕਲਚਰ, ਮੋਡਲ ਹਾਈਡੈਂਸਟੀ ਐਪਲ ਓਰਚਰਡ (ਸ਼੍ਰੀਨਗਰ, ਆਲੂ ਫਾਰਮ, (ਗੁਲਮਾਰਗ), ਇੰਡਸਟਰੀਅਲ ਗਰੋਥ ਸੈਂਟਰ (ਲੱਸੀਪੋਰਾ) ਅਤੇ ਰੇਸ਼ਮ ਦੇ ਸਬੰਧੀ ਸੈਂਟਰਲ ਸੈਰੀਕਲਚਰ ਰਿਸਰਚ ਐਂਡ ਟ੍ਰੇਨਿੰਗ ਇੰਸਟੀਚਿਊਟ - ਕੇਂਦਰ ਰੇਸ਼ਮ ਬੋਰਡ (ਪਾਮਪੋਰ) ਵਿਖੇ ਵਿਸ਼ੇਸ ਦੌਰਾ ਕੀਤਾ ਗਿਆ। ਇਸ ਦੌਰੇ ਦੌਰਾਨ ਬਾਗਬਾਨੀ ਵਿਭਾਗ ਸ਼੍ਰੀਨਗਰ (ਜਮੂੰ ਅਤੇ ਕਸ਼ਮੀਰ) ਵਲੋਂ ਪੰਜਾਬ ਨਾਲ ਸਬੰਧਿਤ ਬਾਗਬਾਨੀ ਫ਼ਸਲਾਂ ਦੀ ਖੇਤੀ, ਨਵੀਆਂ ਤਕਨੀਕਾਂ ਦੀ ਵਰਤੋਂ ਦੀ ਜਾਣਕਾਰੀ ਅਤੇ ਭਵਿੱਖ ਵਿੱਚ ਪੰਜਾਬ ਰਾਜ ਵਿਚ ਬਾਗਬਾਨੀ ਦੇ ਮਿਆਰ ਨੂੰ ਬਹਿਤਰ ਕਰਨ ਸਬੰਧੀ ਨਾਖ, ਆੜੂ, ਅਲੂਚੇ ਅਤੇ ਸੇਬ ਦੀਆਂ ਲੋ ਚਿਲਿੰਗ ਵਾਲਿਆ ਕਿਸਮਾਂ ਅਤੇ ਰੇਸ਼ਮ ਦੇ ਸਬੰਧੀ ਰਿਲਿੰਗ ਯੂਨਿਟ ਸਥਾਪਿਤ ਕਰਨ ਅਹਿਮ ਜਾਣਕਾਰੀ ਸਾਂਝੀ ਕੀਤੀ ਗਈ। ਇਸਦੇ ਨਾਲ ਹੀ ਪੰਜਾਬ ਰਾਜ ਵਿਚ ਕੋਲਡ ਸਟੋਰ ਅਤੇ ਪ੍ਰੋਸੈਸਿੰਗ ਇੰਡਸਟਰੀ ਨੂੰ ਲੈਕੇ ਆਉਣ ਲਈ ਵੱਖ ਵੱਖ ਇੰਡਸਟਰੀਅਲ ਗਰੋਥ ਸੈਂਟਰ ਦੇ ਨੁਮਾਇੰਦਿਆਂ ਨਾਲ ਸਬੰਧ ਸਥਾਪਿਤ ਕੀਤੇ ਗਏ। ਬਾਗਬਾਨੀ ਮੰਤਰੀ ਪੰਜਾਬ ਜੀ ਵਲੋਂ ਪੰਜਾਬ ਰਾਜ ਦੇ ਸ਼ਿਵਾਲਿਕ ਫੁੱਟ ਹਿੱਲ / ਕੰਢੀ ਏਰੀਆ ਬੈਲਟ ਲਈ ਸੰਭਾਵਿਤ ਹੋਣ ਵਾਲੇ ਫਲ, ਸਬਜੀਆਂ ਅਤੇ ਰੇਸ਼ਮ ਦੇ ਉਤਪਾਦਨ ਲਈ ਮਲਬਰੀ ਦੀਆਂ ਕਿਸਮਾਂ ਅਤੇ ਨਵੀਆਂ ਤਕਨੀਕਾਂ ਲਾਗੂ ਕਰਨ ਲਈ ਜਾਇਜ਼ਾ ਲਿਆ ਗਿਆ।

ਇਸ ਮੌਕੇ ਬਾਗਬਾਨੀ ਵਿਭਾਗ ਪੰਜਾਬ ਜੀ ਵਲੋਂ ਡਾ ਦਲਬੀਰ ਸਿੰਘ, ਡਿਪਟੀ ਡਾਇਰੈਕਟਰ ਬਾਗਬਾਨੀ-ਕੰਮ-ਨੋਡਲ ਅਫਸਰ ਫਲੋਰੀਕਲਚਰ, ਪੰਜਾਬ ; ਡਾ ਹਰਪ੍ਰੀਤ ਸਿੰਘ, ਡਿਪਟੀ ਡਾਇਰੈਕਟਰ ਬਾਗਬਾਨੀ, ਮੁੱਖ ਦਫਤਰ ਚੰਡੀਗੜ੍ਹ ; ਡਾ ਸੰਦੀਪ ਗਰੇਵਾਲ , ਸਹਾਇਕ ਡਾਇਰੈਕਟਰ ਬਾਗਬਾਨੀ, ਪਟਿਆਲਾ, ਡਾ ਲਖਬੀਰ ਸਿੰਘ, ਬਾਗ਼ਬਾਨੀ ਵਿਕਾਸ ਅਫ਼ਸਰ, ਹੁਸ਼ਿਆਰਪੁਰ ਸਮੇਤ ਛੇ ਅਗਾਂਹਵਧੂ ਕਿਸਾਨ ਸ਼ਾਮਿਲ ਸਨ।



# ਬਾਗਬਾਨੀ ਸਰਗਰਮੀਆਂ



ਮਿਤੀ 3 ਜੁਲਾਈ 2024 ਨੂੰ ਸਰਕਲ ਪੰਜਕੋਸੀ, ਅਬੋਹਰ ਵਿਖੇ ਬਾਗ ਦਾ ਜਾਇਜਾ ਲੈਂਦੇ ਹੋਏ ਸਹਾਇਕ ਡਾਇਰੈਕਟਰ ਬਾਗਬਾਨੀ ਸ਼੍ਰੀ. ਜਤਿੰਦਰ ਸਿੰਘ ਅਤੇ ਬਾਗਬਾਨੀ ਵਿਕਾਸ ਅਫਸਰ ਸ਼੍ਰੀਮਤੀ ਮਨਜੀਤ ਰਾਣੀ।



ਮਿਤੀ 12 ਜੁਲਾਈ 2024 ਨੂੰ ਪਿੰਜੌਰ ਵਿਖੇ ਅੰਬ ਮੇਲਾ ਦੌਰਾਨ ਬਾਗਬਾਨੀ ਸਟਾਲ ਦੀ ਵਿਜਿਟ ਕਰਦੇ ਹੋਏ ਮਾਨਯੋਗ ਮੁੱਖ ਮੰਤਰੀ ਹਰਿਆਣਾ ਜੀ।




ਮਿਤੀ 10 ਜੁਲਾਈ 2024 ਨੂੰ ਡਾਇਰੈਕਟਰ ਬਾਗਬਾਨੀ ਪੰਜਾਬ ਸ਼੍ਰੀਮਤੀ ਸ਼ੈਲਿੰਦਰ ਕੌਰ , ਤੇਜਿੰਦਰ ਸਿੰਘ ਬਾਜਵਾ ਸੰਯੁਕਤ ਡਾਇਰੈਕਟਰ ਬਾਗਬਾਨੀ ਪੰਜਾਬ ਅਤੇ ਹੋਰ ਅਧਿਕਾਰੀਆਂ ਵੱਲੋ ਬਾਗਬਾਨੀ ਟ੍ਰੇਨਿੰਗ ਇੰਸਟੀਚਿਊਟ ਉਚਾਨੀ , ਕਰਨਾਲ ਹਰਿਆਣਾ ਵਿਖੇ ਦੌਰਾ ਕੀਤਾ।



ਸੈਂਟਰ ਆਫ ਐਕਸੀਲੈਂਸ ਫਾਰ ਪੋਟੈਟੋ, ਧੋਗੜੀ (ਜਲੰਧਰ) ਵਿਖੇ ਨੀਦਰਲੈਂਡ ਤੋਂ ਆਏ ਪੰਮ ਮਾਹਿਰ ਮਿਸਟਰ ਟਜਾਰਟ ਹੌਫਮੈਨ ਵੱਲੋਂ ਮਿਤੀ: 17 ਅਤੇ 18 ਜੁਲਾਈ, 2024 ਨੂੰ ਵਿਜਿਟ ਕੀਤੀ ਗਈ ਅਤੇ ਸੈਂਟਰ ਦੀ ਕਾਰਗੁਜਾਰੀ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।



ਮਿਤੀ 11 ਜੁਲਾਈ 2024 ਨੂੰ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ 'ਸਰਕਾਰ ਤੁਹਾਡੇ ਦੁਆਰ'ਕੈਂਪ ਦੌਰਾਨ ਸ਼੍ਰੀਮਤੀ ਕਿਰਨਬੀਰ ਕੌਰ ਬ.ਵਿ.ਅ ਅਜਨਾਲਾ ਮਾਣਯੋਗ ਕੈਬਨਿਟ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਜੀ ਨੂੰ ਵਿਭਾਗ ਦੀਆਂ ਸਕੀਮਾਂ ਬਾਰੇ ਜਾਣਕਾਰੀ ਦਿੰਦੇ ਹੋਏ।



ਜ਼ਿਲ੍ਹਾ ਜਲੰਧਰ ਵਿਖੇ ਬਾਗਬਾਨੀ ਵਿਭਾਗ ਜਲੰਧਰ ਵੱਲੋਂ ਮਿਤੀ 18-07-2024 ਨੂੰ ਲਗਾਏ ਕੈਂਪ ਵਿੱਚ ਬਾਗਬਾਨੀ ਵਿਕਾਸ ਅਫ਼ਸਰ, ਜਲੰਧਰ ਵੱਲੋਂ ਮਾਨਯੋਗ ਡਿਪਟੀ ਕਮਿਸ਼ਨਰ ਜਲੰਧਰ ਜੀ ਅਤੇ ਹਲਕਾ ਇੰਚਾਰਜ਼ ਫਿਲੌਰ ਜੀ ਨੂੰ ਬਾਗਬਾਨੀ ਵਿਭਾਗ ਦੀਆਂ ਗਤਵਿਧੀਆਂ/ਸਕੀਮਾਂ ਬਾਰੇ ਜਾਣਕਾਰੀ ਦਿੰਦੇ ਹੋਏ।

# ਬਾਗਬਾਨੀ ਸਰਗਰਮੀਆਂ







ਮਾਣਯੋਗ ਡਾਇਰੈਕਟਰ ਬਾਗਬਾਨੀ ਪੰਜਾਬ ਸ਼੍ਰੀਮਤੀ ਸ਼ੈਲਿੰਦਰ ਕੌਰ ਆਈ.ਐਫ.ਐਸ.ਜੀ ਦੀ ਯੋਗ ਅਗਵਾਈ ਹੇਠ, ਇੰਡੋ-ਡੱਚ ਵਰਕ ਪਲੈਨ ਅਧੀਨ ਸ਼੍ਰੀ ਦਲਬੀਰ ਸਿੰਘ, ਡਿਪਟੀ ਡਾਇਰੈਕਟਰ ਬਾਗਬਾਨੀ, ਮੁੱਖ ਦਫ਼ਤਰ ਐਸ.ਏ.ਐਸ. ਨਗਰ ਵੱਲੋਂ ਸ਼੍ਰੀ ਕ੍ਰਿਸ਼ ਪਮ ਮਾਹਿਰ ਨੀਦਰਲੈਂਡ ਅਤੇ ਸ਼੍ਰੀਮਤੀ ਤਰੁਣਮ ਖਾਦਰਬਾਈ ਇਮਬੈਸੀ ਲਾਈਜਨ ਅਫ਼ਸਰ ਨੂੰ ਮਿਤੀ 13/07/2024 ਤੋਂ 21/07/2024 ਦੌਰਾਨ ਸੈਂਟਰ ਆਫ਼ ਐਕਸੀਲੈਂਸ ਫ਼ਾਰ ਫਲੋਰੀਕਲਚਰ ਦੋਰਾਹਾ ਜ਼ਿਲ੍ਹਾ ਲੁਧਿਆਣਾ ਵਿਖੇ ਦੌਰਾ ਕਰਵਾਇਆ ਗਿਆ ਅਤੇ ਵੱਖ-ਵੱਖ ਵਿਸ਼ਿਆਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਹਾਈਟੈਕ ਡੱਚ ਪੋਲੀਹਾਊਸ ਦੀ ਟੈਂਡਰ ਸ਼ਰਤਾਂ ਨਿਧਾਰਤ ਕੀਤੀਆਂ ਗਈਆਂ।




ਮਿਤੀ 22-07-2024 ਨੂੰ ਪੀਅਰ ਅਸਟੇਟ ਅੰਮ੍ਰਿਤਸਰ ਵੱਲੋਂ ਸਰਕਾਰੀ ਬਾਗ ਤੇ ਨਰਸਰੀ ਅਟਾਰੀ ਵਿਖੇ ਨਾਖਾਂ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਵਿੱਚ ਸ਼੍ਰੀ ਜਸਪਾਲ ਸਿੰਘ ਢਿੱਲੋ ਸਹਾਇਕ ਡਾਇਰੈਕਟਰ ਬਾਗਬਾਨੀ ਅੰਮ੍ਰਿਤਸਰ -ਕਮ- ਨੋਡਲ ਅਫਸਰ ਨਾਖ ਵੱਲੋਂ ਵਖ-ਵਖ ਬਾਗਾਂ ਵਿੱਚ ਕੰਮ ਕਰਨ ਵਾਲੇ ਠੇਕੇਦਾਰਾਂ ਅਤੇ ਲੇਬਰ ਨੂੰ ਨਾਖ ਦੀ ਤੁੜਾਈ ਅਤੇ ਪੈਕਿੰਗ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਸਮੇਂ ਸ਼੍ਰੀ ਤਜਿੰਦਰ ਸਿੰਘ ਸੰਧੂ ਡਿਪਟੀ ਡਾਇਰੈਕਟਰ ਬਾਗਬਾਨੀ ਅੰਮ੍ਰਿਤਸਰ ਤੇ ਸ਼੍ਰੀ ਸੁਖਪਾਲ ਸਿੰਘ ਸੰਧੂ ਇੰਚਾਰਜ ਸਰਕਾਰੀ ਬਾਗ ਤੇ ਨਰਸਰੀ ਅਟਾਰੀ ਮੌਜੂਦ ਸਨ।










ਬਾਗਬਾਨੀ ਵਿਭਾਗ ਪੰਜਾਬ ਦੁਆਰਾ ਐਨ ਐਨ ਐਸ ਮੀਡੀਆ ਵੱਲੋਂ ਮਿਤੀ 20 ਜੁਲਾਈ 2024 ਤੋਂ 22 ਜੁਲਾਈ 2024 ਤੱਕ ਪ੍ਰਗਤੀ ਮੈਦਾਨ ਦਿੱਲੀ ਵਿਖੇ ਆਯੋਜਿਤ ਕਰਵਾਏ ਤਿੰਨ ਦਿਨਾਂ "ਇੰਟਰਨੈਸ਼ਨਲ ਐਕਸਪੋ ਫੋਰ ਐਗਰੀਕਲਚਰ ਐਂਡ ਹੋਰਟੀਕਲਚਰ" ਵਿੱਚ ਹਿੱਸਾ ਲੈ ਕੇ ਪ੍ਰਦਰਸ਼ਨੀ ਲਗਾਈ ਗਈ । ਪ੍ਰਦਰਸ਼ਨੀ ਵਿੱਚ ਕਿਸਾਨਾਂ ਨੂੰ ਜਾਗਰੂਕ ਕਰਨ ਵਾਸਤੇ ਪੰਜਾਬ ਵਿੱਚ ਪੈਦਾ ਹੋਣ ਵਾਲੀਆਂ ਅੰਬ ਅਤੇ ਨਾਖ ਦੀਆਂ ਉੱਨਤ ਕਿਸਮਾਂ ਅਤੇ ਵਿਭਾਗੀ ਗਤੀਵਿਧਿਆਂ ਬਾਰੇ ਜਾਣਕਾਰੀ ਲਈ ਵੱਖ ਵੱਖ ਵਸਤੂਆਂ ਰੱਖਿਆ ਗਈਆਂ। ਦੇਸ਼ ਦੇ ਸਮੂਹ ਪ੍ਰਾਂਤਾ ਤੋਂ ਆਏ ਕਿਸਾਨਾਂ ਵੱਲੋਂ ਵਿਭਾਗ ਦੇ ਸਟਾਲ ਤੇ ਪਹੁੰਚ ਕੇ ਪ੍ਰਦਰਸ਼ਿਤ ਕੀਤੀਆਂ ਕਿਸਮਾਂ ਵਿੱਚ ਕਾਫੀ ਦਿਲਚਸਪੀ ਦਿਖਾਈ ਗਈ। ਇਸ ਐਕਸਪੋ ਦੌਰਾਨ ਵਿਭਾਗ ਦੇ ਅਧਿਕਾਰੀਆਂ ਵੱਲੋਂ ਦੂਸਰੇ ਪ੍ਰਾਂਤਾ ਤੋਂ ਆਏ ਨੁਮਾਇਦਿਆਂ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ ਬਾਗਬਾਨੀ ਨੂੰ ਹੋਰ ਪ੍ਰਫੁੱਲਤ ਕਰਨ ਲਈ ਜਾਣਕਾਰੀ ਹਾਸਿਲ ਕੀਤੀ ਗਈ। ਵਿਭਾਗ ਨੇ ਇਸ ਐਕਸਪੋ ਵਿੱਚ " ਬਾਗਬਾਨੀ ਪ੍ਰਕਟਿਸਸ ਨੂੰ ਪ੍ਰਫੁੱਲਤ ਕਰਨ ਲਈ" ਦੂਸਰਾ ਸਥਾਨ ਪ੍ਰਾਪਤ ਕੀਤਾ।



ਮਿਤੀ 23-07-2024 ਨੂੰ ਮਿਸਟਰ ਉਰੀ ਰੁਬਿਨਸਟਾਈਨ (ਐਗਰੀਕਲਚਰ ਅਟਾਚੀ ਮਾਸ਼ਵ, ਇਜ਼ਰਾਈਲ ਦਾ ਦੂਤਾਵਾਸ)ਵੱਲੋਂ ਸੈਂਟਰ ਆਫ ਐਕਸੀਲੈਂਸ ਫਾਰ ਵੈਜੀਟੇਬਲਜ (ਇੰਡੋ-ਇਜਰਾਈਲ ਪ੍ਰੋਜੈਕਟ), ਕਰਤਾਰਪੁਰ ਜਲੰਧਰ ਵਿਖੇ ਵਿਜਿਟ ਕੀਤੀ ਗਈ, ਜਿਸ ਦੌਰਾਨ ਉਨਾਂ ਨਾਲ ਸਬਜੀਆਂ ਦੇ ਨਵੇਂ ਬੀਜਾਂ, ਖੁੱਲੇ ਖੇਤਾਂ ਦੀਆਂ ਸਬਜੀਆਂ ਲਈ ਫਰਟੀਗੇਸ਼ਨ ਸ਼ਡਿਊਲਾਂ ਸਬੰਧੀ, ਫਿਰੋਮੋਨ ਦੀ ਵਰਤੋਂ ਨਾਲ ਫਲ ਦੀ ਮੱਖੀ ਦੀ ਰੋਕਥਾਮ ਸਬੰਧੀ ਮੁੱਦਿਆਂ ਦੇ ਵਿਚਾਰ ਵਟਾਂਦਰਾ ਕੀਤਾ ਗਿਆ।

# ਬਾਗਬਾਨੀ ਸਰਗਰਮੀਆਂ





**ਵੱਖ- ਵੱਖ ਜਿਲਿਆਂ ਵਿੱਚ 'ਇੱਕ ਬੂਟਾ ਮਾਂ ਦੇ ਨਾਮ' ਮੁਹਿੰਮ ਦੀ ਇੱਕ ਝਲਕ**

ਮਿਤੀ 23 ਜੁਲਾਈ 2024 ਨੂੰ ਪੌਦਾ ਰੋਪਣ ਅਭਿਆਨ "ਇਕ ਬੂਟਾ ਮਾਂ ਦੇ ਨਾਮ" ਮੁਹਿੰਮ ਦੀ ਸ਼ੁਰੂਆਤ ਸ਼੍ਰੀਮਤੀ ਸ਼ੈਲਿੰਦਰ ਕੌਰ (ਆਈ.ਐਫ.ਐਸ.) ਡਾਇਰੈਕਟਰ ਬਾਗਬਾਨੀ ਪੰਜਾਬ ਜੀ ਦੀ ਅਗਵਾਈ ਵਿੱਚ ਕੀਤੀ ਗਈ ਡਿਪਟੀ ਡਾਇਰੈਕਟਰ ਬਾਗਬਾਨੀ ਦੀ ਟੀਮ ਬਾਗਬਾਨੀ (ਡਾ. ਹਰਪ੍ਰੀਤ ਸੇਠੀ, ਡਾ. ਹਰਮੇਲ ਸਿੰਘ ਅਤੇ ਡਾ. ਨਰਿੰਦਰਪਾਲ ਕਲਸੀ, ਡਾ. ਜਸਵਿੰਦਰ ਸਿੰਘ) ਅਤੇ ਸਹਾਇਕ ਡਾਇਰੈਕਟਰ ਬਾਗਬਾਨੀ (ਡਾ. ਬਲਵਿੰਦਰ ਸਿੰਘ) ਵੱਲੋ ਬਾਗਬਾਨੀ ਵਿਕਾਸ ਕੇਂਦਰ ਲਾਡੋਵਾਲ ਅਤੇ ਰਾਜ ਫੋਰੈਸਟ ਰਿਸਰਚ ਇੰਸਟੀਚਿਊਟ ਲੁਧਿਆਣਾ ਵਿਖੇ ਪੌਦਾਰੋਪਣ ਅਭਿਆਨ ਵਿੱਚ ਭਾਗ ਲਿਆ।



ਮਿਤੀ 23 ਜੁਲਾਈ 2024 ਨੂੰ ਸ਼੍ਰੀਮਤੀ ਸ਼ੈਲਿੰਦਰ ਕੌਰ (ਆਈ.ਐਫ.ਐਸ.) ਡਾਇਰੈਕਟਰ ਬਾਗਬਾਨੀ ਪੰਜਾਬ ਵੱਲੋਂ ਪੰਜਾਬ ਸਰਕਾਰ ਦੇ ਬਾਗਬਾਨੀ ਵਿਭਾਗ ਦੇ ਲਾਡੋਵਾਲ ਸੈਂਟਰ ਵਿਖੇ ਡਾ: ਨਰਿੰਦਰਪਾਲ ਕਲਸੀ ਡੀ.ਡੀ.ਐਚ. ਲੁਧਿਆਣਾ ਅਤੇ ਟੀਮ ਬਾਗਬਾਨੀ ਵਿਭਾਗ ਨਾਲ ਬਾਗਬਾਨੀ ਵਿਕਾਸ ਕੇਂਦਰ ਅਤੇ ਹੋਰ ਆਉਣ ਵਾਲੇ ਪ੍ਰੋਜੈਕਟਾਂ ਦੇ ਪ੍ਰਗਤੀ ਕਾਰਜਾਂ ਬਾਰੇ ਚਰਚਾ ਕੀਤੀ।



ਬਾਗਬਾਨੀ ਵਿਭਾਗ ਸ਼ਹੀਦ ਭਗਤ ਸਿੰਘ ਨਗਰ ਦੀ ਟੀਮ ਵੱਲੋਂ ਐਮ ਐਲ ਏ ਸਾਹਿਬਾਨ ਅਤੇ ਬੀ ਡੀ ਪੀ ਓ ਨਾਲ ਵੱਖ ਵੱਖ ਮੀਟਿੰਗਾਂ ਕੀਤੀਆਂ ਗਈਆਂ। ਕੌਮੀ ਬਾਗਬਾਨੀ ਮਿਸ਼ਨ ਅਤੇ ਸਟੇਟ ਪਲੈਨ ਸਕੀਮਾਂ ਬਾਰੇ ਵਿਸਥਾਰ ਨਾਲ ਦੱਸਿਆ ਗਿਆ।

# ਬਾਗਬਾਨੀ ਸਰਗਰਮੀਆਂ




ਐਮ ਐਲ ਏ, ਬਲਾਚੌਰ ਸ੍ਰੀਮਤੀ ਸੰਤੋਸ਼ ਕਟਾਰੀਆਂ ਨਾਲ ਬਾਗਬਾਨੀ ਸਕੀਮਾਂ ਬਾਰੇ ਦੱਸਦੇ ਹੋਏ ਸਹਾਇਕ ਡਾਇਰੈਕਰ ਬਾਗਬਾਨੀ ਸ਼੍ਰੀ ਦਲਜੀਤ ਸਿੰਘ ਗਿੱਲ ਅਤੇ ਬਾਗਬਾਨੀ ਵਿਕਾਸ ਅਫ਼ਸਰ ਸ਼੍ਰੀ ਪਰਮਜੀਤ ਸਿੰਘ



ਸਾਬਕਾ ਸੰਪਾਦਕ ਬਾਗਬਾਨੀ ਸੰਦੇਸ਼ ਡਾ.ਸੁਖਦੀਪ ਸਿੰਘ ਹੁੰਦਲ , ਬਾਗਬਾਨੀ ਸੰਦੇਸ਼ ਦੀ ਨਵੀਂ ਸੰਪਾਦਕ ਟੀਮ ਅਤੇ ਆਪਣੀ ਖੇਤੀ ਮੋਬਾਇਲ ਐਪ ਟੀਮ ਵੱਲੋਂ ਮਿਤੀ 25/07/2024 ਨੂੰ ਬਾਗਬਾਨੀ ਸੰਦੇਸ਼ ਦਾ ਵਧੀਆ ਸੰਪਾਦਨ ਕਰਨ ਵਾਸਤੇ ਮੀਟਿੰਗ ਕੀਤੀ ਗਈ ਅਤੇ ਇਸ ਮੌਕੇ ਤੇ ਆਪਣੀ ਖੇਤੀ ਟੀਮ ਵੱਲੋਂ ਡਾ.ਸੁਖਦੀਪ ਸਿੰਘ ਹੁੰਦਲ ਨੂੰ ਉਨ੍ਹਾਂ ਦੀਆਂ ਸੇਵਾਂਵਾ ਵਾਸਤੇ ਸਨਮਾਨਿਤ ਕੀਤਾ ਗਿਆ।

# ਬਾਗਬਾਨੀ ਗਿਆਨ

## ਅਗਸਤ ਮਹੀਨੇ ਦੇ ਬਾਗਬਾਨੀ ਕਾਰਜ

ਇਹ ਮਹੀਨੇ ਬਾਰਸ਼ਾਂ ਹੋਣ ਕਰਕੇ ਮੌਸਮ ਕਾਫੀ ਖੁਸ਼ਗਵਾਰ ਹੋ ਜਾਂਦਾ ਹੈ। ਇਹ ਮੌਸਮ ਸਦਾਬਹਾਰ ਫਲਦਾਰ ਬੂਟੇ ਜਿਵੇਂ ਕਿੰਨੂ, ਮਾਲਟਾ, ਸੰਤਰਾ, ਨਿੰਬੂ, ਮਿੱਠਾ, ਅੰਬ, ਅਮਰੂਦ, ਲੁਕਾਠ, ਲੀਚੀ, ਚੀਕੂ ਅਤੇ ਪਪੀਤਾ ਆਦਿ ਲਗਾਉਣ ਲਈ ਬਹੁਤ ਹੀ ਢੁਕਵਾਂ ਹੈ। ਜ਼ਿਆਦਾ ਬਰਸਾਤ ਦਾ ਪਾਣੀ ਅਤੇ ਵਾਧੂ ਖੜੇ ਪਾਣੀ ਦੀ ਨਿਕਾਸੀ ਦਾ ਉਚਿਤ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਬੂਟਿਆਂ ਦਾ ਨੁਕਸਾਨ ਨਾ ਹੋਵੇ।

## ਫਲਦਾਰ ਬੂਟੇ

ਫਲਦਾਰ ਬੂਟੇ ਲਗਾਉਣ ਸਮੇਂ 2-3 ਫੁੱਟ ਵਿਆਸ ਦੇ ਡੂੰਘੇ ਟੋਏ ਪੁੱਟ ਕੇ ਅੱਧੀ ਉੱਪਰਲੀ ਉਪਜਾਊ ਮਿੱਟੀ ਅਤੇ ਅੱਧੀ ਦੇਸੀ ਰੂੜੀ ਪਾ ਕੇ ਟੋਏ ਨੂੰ ਭਰ ਦਿਉ ਅਤੇ ਇੱਕ-ਦੋ ਬਰਸਾਤਾਂ ਪੈਣ ਤੋਂ ਬਾਅਦ ਹੋਰ ਮਿੱਟੀ ਪਾ ਕੇ ਸਿਉਂਕ ਤੋਂ ਬਚਾਅ ਲਈ ਪ੍ਰਤੀ ਟੋਆ 15 ਮਿ.ਲਿ. ਕਲੋਰੋਪਾਈਰੀਫਾਸ ਦਵਾਈ  ਪਾਕੇ ਬੂਟੇ ਲਗਾ ਦਿਉ। ਬੂਟੇ ਲਗਾਉ ਦੇ ਸਮੇਂ ਅੰਬ, ਲੀਚੀ ਲਈ ਫਾਸਲਾ 25-30 ਫੁੱਟ, ਪਪੀਤੇ ਲਈ 5 ਫੁੱਟ ਅਤੇ ਬਾਕੀ ਬੂਟਿਆਂ ਲਈ 20-22 ਫੁੱਟ ਰੱਖੋ ਅਤੇ ਨਵੇਂ ਬੂਟਿਆਂ ਨੂੰ ਸਿੱਧੇ ਰੱਖਣ ਲਈ ਸੋਟੀ ਦਾ ਸਹਾਰਾ ਦਿਉ।

ਨਾਸ਼ਪਾਤੀ ਅਤੇ ਆੜੂ ਦੇ ਬੂਟਿਆਂ ਦੀ ਜੜ੍ਹਾਂ ਗਲਣ ਦੀ ਬਿਮਾਰੀ ਨਜ਼ਰ ਆਵੇ ਤਾਂ ਪਾਣੀ ਕੱਢ ਕੇ ਵੱਤਰ ਆਉਣ ਤੇ ਹਲਕੀ ਗੋਡੀ ਕਰ ਦਿਉ। ਨਿੰਬੂ ਜਾਤੀ ਦੇ ਪੈਰ ਗਲਣ ਦੇ ਰੋਗ ਦੀ ਰੋਕਥਾਮ ਲਈ ਬੂਟਿਆਂ ਦੇ ਮੁੱਢਾਂਅ ਤੇ ਉਨ੍ਹਾਂ ਦੀ ਛਤਰੀ ਹੇਠ ਸੋਡੀਅਮ ਹਾਈਪੋਕਲੋਰਾਈਟ 5% ਨੂੰ 50 ਮਿ.ਲਿ.10 ਲਿਟਰ ਪਾਣੀ ਵਿੱਚ ਘੋਲਕੇ ਬੂਟੇ ਦੇ ਉੱਪਰ ਸਪਰੇ ਕਰੋ। ਨਿੰਬੂਜਾਤੀ ਦੇ ਫਲਦਾਰ ਬੂਟਿਆਂ ਨੂੰ ਬੂਟਿਆਂ ਨੂੰ ਫਲ ਦੀ ਮੱਖੀ ਤੋਂ ਬਚਾਅ ਲਈ 16 ਪੀ.ਏ.ਯੂ. ਫਰੂਟ ਫਲਾਈ ਟਰੈਪ ਪ੍ਰਤੀ ਏਕੜ ਇਸ ਮਹੀਨੇ ਦੇ ਦੂਜੇ ਹਫਤੇ ਲਗਾ ਦਿਉ। ਨਿੰਬੂਜਾਤੀ ਫਲਾਂ ਦਾ ਕੇਰਾ ਰੋਕਣ ਲਈ ਹੇਠਾਂ ਡਿੱਗੇ ਹੋਏ ਰੋਗੀ ਫਲਾਂ ਨੂੰ ਇਕੱਠੇ ਕਰਕੇ ਜ਼ਮੀਨ ਵਿੱਚ ਦੱਬ ਦਿਉ ਅਤੇ ਬੂਟਿਆਂ ਤੇ 10 ਮਿ.ਲਿ. ਜਿਬਰੈਲਿਕ ਐਸਿਡ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਸਪਰੇ ਕਰੋ। ਅੰਗੂਰ ਦੇ ਬੂਟਿਆਂ ਨੂੰ ਕੋਹੜ ਅਤੇ ਪੀਲੇ ਧੱਬਿਆਂ ਦੇ ਰੋਗ ਦੀ ਰੋਕਥਾਮ ਲਈ ਬੋਰਡ ਮਿਸ਼ਰਣ 2:2:250 ਦਾ 500 ਲਿਟਰ ਪਾਣੀ ਦੇ ਹਿਸਾਬ ਪ੍ਰਤੀ ਏਕੜ ਸਪਰੇ ਕਰੋ। ਬੇਰਾਂ ਦੇ ਬਾਗਾਂ ਵਿੱਚੋ ਂਨਦੀਨਾਂ ਦੀ ਰੋਕਥਾਮ ਲਈ ਬਾਗਾਂ ਦੀ ਵਹਾਈ ਕਰੋ।

## ਸਬਜ਼ੀਆਂ

ਸਬਜ਼ੀਆਂ ਵਿੱਚ ਮੂਲੀ ਦੀ ਪੂਸਾ ਚੇਤਕੀ ਕਿਸਮ, ਗਾਜਰ ਪੰਜਾਬ ਕੈਰਟ ਰੈੱਡ, ਬਲੈਕ ਬਿਊਟੀ ਤੇ ਪੀ ਸੀ-34 ਅਤੇ ਸ਼ਲਗਮ ਦੀ ਐਲ-1 ਦੀਆਂ ਦੇਸੀ ਕਿਸਮਾਂ ਦੀ ਬਿਜਾਈ ਸ਼ੁਰੂ ਕਰ ਦਿਓ। ਮੂਲੀ ਤੇ ਗਾਜਰ ਲਈ 25-30 ਗ੍ਰਾਮ ਅਤੇ ਸ਼ਲਗਮ ਲਈ 13 ਗ੍ਰਾਮ ਬੀਜ ਪ੍ਰਤੀ ਮਰਲਾ ਵਰਤੋ। ਬੀਜਣ ਤੋਂ ਪਹਿਲਾਂ 100 ਕਿੱਲੋ ਦੇਸੀ ਰੂੜੀ, 350 ਗ੍ਰਾਮ ਯੂਰੀਆ, 470 ਗ੍ਰਾਮ ਸਿੰਗਲ ਸੁਪਰ ਫਾਸਫੇਟ ਖਾਦ ਪ੍ਰਤੀ ਮਰਲਾ ਪਾ ਦਿਉ। ਗਾਜਰ ਲਈ 312 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪਾਓ। 45 ਸੈ.ਮੀ. ਦੀ ਦੂਰੀ ਤੇ ਵੱਟਾਂ ਬਣਾ ਕੇ ਚੰਗੇ ਵੱਤਰ ਵਿੱਚ ਬੀਜ ਲਗਾਉ। ਪਿਆਜ਼ ਦੀ ਸਾਉਣੀ ਦੀ ਫਸਲ ਲਈ ਗੰਢੀਆਂ ਜਾਂ ਪਨੀਰੀ ਰਾਹੀ ਤੀਸਰੇ ਹਫਤੇ ਬਿਜਾਈ ਸ਼ੁਰੂ ਕਰ ਦਿਉ। ਬੀਜਣ ਤੋਂ ਪਹਿਲਾਂ 280 ਗ੍ਰਾਮ ਯੂਰੀਆ, 780 ਗ੍ਰਾਮ ਸਿੰਗਲ ਸੁਪਰ ਫਾਸਫੇਟ ਅਤੇ 220 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਮਰਲਾ ਪਾ ਦਿਉ। ਲਾਈਨਾਂ ਅਤੇ ਬੂਟਿਆਂ ਦਾ ਫਾਸਲਾ 15x7.5 ਸੈ.ਮੀ. ਰੱਖੋ ਅਤੇ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 2-3 ਦਿਨ ਬਾਅਦ 5 ਮਿ.ਲਿ. ਸਟੌਂਪ 30 ਤਾਕਤ ਜਾਂ 2 ਮਿ.ਲਿ. ਗੋਲ 23.5 ਤਾਕਤ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਸਪਰੇ ਕਰੋ। ਗੋਭੀ ਦੀ ਮੁੱਖ ਫਸਲ ਲਈ ਪਨੀਰੀ ਪੁੱਟ ਕੇ ਲਗਾ ਦਿਉ।

ਬੈਂਗਣਾਂ ਵਿੱਚ ਫਲ ਅਤੇ ਸ਼ਾਖਾਂ ਦੇ ਗੜੂੰਏ ਦੀ ਰੋਕਥਾਮ ਲਈ 0.8 ਮਿ.ਲਿ. ਕੋਰਾਜ਼ਨ ਜਾਂ 0.8 ਮਿ.ਲਿ. ਪ੍ਰੋਕਲੇਮ ਜਾਂ 1 ਮਿ.ਲਿ. ਸੁਮੀਸੀਡੀਨ 20 ਈ ਸੀ ਜਾਂ 2 ਮਿ.ਲਿ. ਰਿਪਕਾਰਡ 10 ਈ ਸੀ ਨੂੰ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਲੋੜ ਅਨੁਸਾਰ 3-4 ਸਪਰੇ ਬਦਲ ਬਦਲ ਕੇ ਕਰੋ। ਬੈਂਗਣ ਦੀ ਮਕੌੜਾ ਜੂੰ ਲਈ 2-3 ਮਿ.ਲਿ. ਉਮਾਈਟ 57 ਈਸੀ ਨੂੰ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਸਪਰੇ ਕਰੋ। ਭਿੰਡੀ ਦੇ ਤੇਲੇ ਲਈ 0.4 ਮਿ.ਲਿ. ਕੌਨਫੀਡੋਰ 17.8 ਐਸ ਐਲ ਜਾਂ 0.4 ਗ੍ਰਾਮ ਐਕਟਾਰਾ 25 ਡਬਲਯੂ ਜੀ ਪ੍ਰਤੀ

ਲਿਟਰ ਪਾਣੀ ਦੇ ਹਿਸਾਬ ਸਪਰੇ ਕਰੋ। ਮਿਰਚਾਂ ਵਿੱਚ ਫਲਾਂ ਦੇ ਗਾਲੇ ਦੀ ਰੋਕਥਾਮ ਲਈ 1 ਮਿ.ਲਿ. ਫੋਲੀਕੁਰ ਜਾਂ 3 ਗ੍ਰਾਮ ਇੰਡੋਫਿਲ ਐਮ-45 ਜਾਂ ਬਲਾਈਟੋਕਸ ਪ੍ਰਤੀ ਲਿਟਰ ਪਾਣੀ ਦੇ ਹਿਸਾਬ 3 ਸਪਰੇ 10 ਦਿਨ ਦੇ ਵਕਫੇ ਤੇ ਕਰੋ।

## ਫੁੱਲ ਅਤੇ ਸਜਾਵਟੀ ਬੂਟੇ

ਇਸ ਮਹੀਨੇ ਦਰੱਖਤ, ਝਾੜੀਆਂ ਅਤੇ ਵੇਲਾਂ ਨੂੰ ਲਗਾਇਆ ਜਾ ਸਕਦਾ ਹੈ। ਵਣ ਖੇਤੀ ਲਈ ਸਫੈਦਾ, ਟਾਹਲੀ, ਡੇਕ, ਨਿੰਮ, ਸਾਗਵਾਨ ਦੇ ਦਰਖਤ ਲਗਾਏ ਜਾ ਸਕਦੇ ਹਨ। ਬੂਟੇ ਲਾਉਣ ਲਈ 50 ਸੈ.ਮੀ. ਵਿਆਸ ਦੇ ਟੋਏ ਕੱਢ ਕੇ ਉਸਦੀ ਉੱਪਰਲੀ ਮਿੱਟੀ ਵਿੱਚ ਦੇਸੀ ਰੂੜੀ ਖਾਦ ਪਾ ਕੇ 10 ਗ੍ਰਾਮ ਲਿੰਡੇਨ ਧੂੜਾ ਪ੍ਰਤੀ ਟੋਆ ਪਾ ਦਿਓ ਅਤੇ ਬੂਟਾ ਲਾ ਦਿਉ। ਬੂਟਾ ਲਗਾ ਕੇ ਉਸੇ ਵਕਤ ਪਾਣੀ ਪਾ ਦਿਉ। ਘਾਹ ਲਾਉਣ ਲਈ ਤਿਆਰ ਕੀਤੇ ਥਾਂ ਤੇ ਘਾਹ ਦੀਆਂ ਜੜ੍ਹਾਂ ਦੇ ਛੋਟੇ ਗੁੱਛੇ 10-15 ਸੈਂ.ਮੀ. ਦੀ ਦੂਰੀ ਤੇ ਲਗਾ ਦਿਉ ਅਤੇ ਪਹਿਲਾਂ ਬਣੇ ਹੋਏ ਲਾਨ ਦੀ ਕਟਾਈ ਕਰਨੀ ਚਾਹੀਦੀ ਹੈ। ਗੁਲਾਬ ਦੇ ਨਦੀਨ ਅਤੇ ਜੜੂੰਏ ਸਾਫ ਕਰੋ। ਗੁਲਦਾਉਦੀ ਦੀਆਂ ਸਪਰੇਅ ਕਿਸਮਾਂ ਨੂੰ ਅਕਾਰ ਦੇਣ ਲਈ ਇਸ ਦੇ ਟੂਸੇ ਬੂਟੇ ਦਾ ਕੱਦ 8-10 ਸੈਂਟੀਮੀਟਰ ਹੋਣ ਤੇ ਤੋੜ ਦਿਉ ਅਤੇ ਵੱਡੇ ਫੁੱਲ ਵਾਲੀਆਂ ਕਿਸਮਾਂ ਵਿੱਚ ਵਿਚਕਾਰਲੀ ਗੋਭ ਛੱਡਕੇ ਬਾਕੀ ਪਾਸੇ ਦੀਆਂ ਟਾਹਣੀਆਂ ਤੋੜਦੇ ਰਹੋ।

## ਸ਼ਹਿਦ ਮੱਖੀ ਪਾਲਣ

ਸ਼ਹਿਦ ਮੱਖੀਆਂ ਦੇ ਬਕਸਿਆਂ ਦਾ ਨਰੀਖਣ ਕਰਦੇ ਰਹੋ ਅਤੇ ਬਾਹਰ ਫੁੱਲ ਫਲਾਕੇ ਦੀ ਘਾਟ ਨੂੰ ਵੇਖਦੇ ਹੋਏ ਇੱਕ ਹਿੱਸਾ ਖੰਡ ਅਤੇ ਇੱਕ ਹਿੱਸਾ ਪਾਣੀ ਦੇ ਘੋਲ ਦੀ ਖੁਰਾਕ ਸ਼ਾਮ ਵੇਲੇ ਸਾਰੇ ਬਕਸਿਆਂ ਨੂੰ ਦਿਉ। ਬਰਸਾਤ ਦੇ ਮੌਸਮ ਨੂੰ ਵੇਖਦੇ ਹੋਏ ਬਕਸਿਆਂ ਦੇ ਸਟੈਂਡਾਂ ਨੂੰ ਥੋੜਾ ਟੇਡਾ ਕਰਦਿਉ ਅਤੇ ਇੰਨ੍ਹਾਂ ਨੂੰ ਉੱਚੀ ਜਗ੍ਹਾ ਤੇ ਰੱਖੋ। ਅੰਦਰਲੇ ਢੱਕਣ ਦੀ ਜਾਲੀ ਦੇ ਸੁਰਾਖ ਪ੍ਰੋਪੋਲਿਸ ਨਾਲ ਬੰਦ ਨਹੀ ਹੋਣੇ ਚਾਹੀਦੇ ਸਗੋ ਸਾਫ ਹੋਣੇ ਚਾਹੀਦੇ ਹਨ। ਬਕਸਿਆਂ ਦੇ ਆਲੇ ਦੁਆਲੇ ਵਧਦੇ ਹੋਏ ਨਦੀਨਾਂ ਅਤੇ ਵਾਧੂ ਬੂਟਿਆਂ ਨੂੰ ਸਾਫ ਕਰਦੇ ਰਹੋ। ਵਾਧੂ ਸਟੋਰ ਕੀਤੇ ਛੱਤਿਆਂ ਨੂੰ ਮੋਮੀ ਕੀੜੇ ਦੇ ਹਮਲੇ ਤੋਂ ਬਚਾਅ ਲਈ ਉਪਰਾਲੇ ਕਰੋ।

## ਸਿਖਲਾਈ ਕੋਰਸ

ਬਾਗਬਾਨੀ ਫਸਲਾਂ ਅਤੇ ਕਿੱਤੇ ਨਾਲ ਸਬੰਧਤ ਸਿਖਲਾਈ ਕੋਰਸਾਂ ਲਈ ਸਕਿੱਲ ਡਿਵੈਲਪਮੈਂਟ ਸੈਂਟਰ (ਫੋਨ ਨੰ:0161-240196-261) ਪੀ.ਏ.ਯੂ. ਲੁਧਿਆਣਾ ਤੋਂ ਅਤੇ ਆਪਣੇ ਨੇੜੇ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਨਾਲ ਸੰਪਰਕ ਕਰਕੇ ਕੇ ਭਾਗ ਲੈ ਸਕਦੇ ਹੋ।




